**ਆਕਾਸ਼ਵਾਣੀ ਜਲੰਧਰ**

**ਪ੍ਰਦੇਸ਼ਿਕ ਖਬਰਾਂ ਪੰਜਾਬੀ**

**13:10 pm**

**ਮਿਤੀ: 12-04-2025**

ਕੇਂਦਰ ਸਰਕਾਰ ਨੇ ਉੱਭਰ ਰਹੀਆਂ ਵਪਾਰ ਚੁਣੌਤੀਆਂ ਦਾ ਹੱਲ ਕਰਨ ਲਈ, ਇੱਕ ਸਮਰਪਿਤ ਆਲਮੀ ਟੈਰਿਫ ਅਤੇ ਵਪਾਰ ਸਹਾਇਤਾ ਡੈਸਕ ਸ਼ੁਰੂ ਕੀਤਾ ਏ ।ਵਪਾਰ ਅਤੇ ਸਨਅਤ ਮੰਤਰਾਲੇ ਨੇ ਕਿਹਾ ਕਿ ਸਹਾਇਤਾ ਡੈਸਕ, ਦਰਾਮਦ ਅਤੇ ਬਰਾਮਦ ਚੁਣੌਤੀਆਂ, ਦਰਾਮਦ ਵਾਧੇ ਜਾਂ Dumping, ਲੌਜਿਸਟਿਕਸ ਜਾਂ ਸਪਲਾਈ ਚੇਨ ਸੰਬੰਧੀ ਚੁਣੌਤੀਆਂ, ਮਾਲੀ ਜਾਂ ਬੈਂਕਿੰਗ ਮੁੱਦਿਆਂ ਅਤੇ ਨੇਮਬੱਧੀ ਸੰਬੰਧੀ ਮੁੱਦਿਆਂ ਨੂੰ ਹੱਲ ਕਰੇਗਾ। ਇਹ ਡੈਸਕ, ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਦੇ ਮੰਤਰਾਲਿਆਂ, ਵਿਭਾਗਾਂ ਅਤੇ ਏਜੰਸੀਆਂ ਨਾਲ ਸਬੰਧਤ ਕਾਰੋਬਾਰੀ ਮੁੱਦਿਆਂ ਨੂੰ ਇਕੱਤਰ ਕਰੇਗਾ । ਵਪਾਰ ਮੰਤਰਾਲੇ ਨੇ ਕਿਹਾ ਏ ਕਿ ਦਰਾਮਦ-ਬਰਾਮਦ ਭਾਈਚਾਰਾ, ਵਿਦੇਸ਼ੀ ਵਪਾਰ ਡਾਇਰੈਕਟੋਰੇਟ ਜਨਰਲ ਦੀ ਵੈੱਬਸਾਈਟ 'ਤੇ ਜਾਣਕਾਰੀ ਜਮ੍ਹਾਂ ਕਰ ਸਕਦਾ ਏ । ਉਹ dgftedi@nic.in 'ਤੇ 'ਆਲਮੀ ਟੈਰਿਫ ਅਤੇ ਵਪਾਰ ਸਹਾਇਤਾ ਡੈਸਕ' ਵਿਸ਼ੇ ਦੇ ਸਿਰਲੇਖ ਨਾਲ ਈਮੇਲ ਭੇਜ ਸਕਦੇ ਨੇ, ਜਾਂ ਟੋਲ-ਫ੍ਰੀ ਨੰਬਰ **1800-111-550** 'ਤੇ ਵੀ ਕਾਲ ਕਰ ਸਕਦੇ ਨੇ । ਵਪਾਰ ਵਿਭਾਗ

ਅਤੇ ਵਿਦੇਸ਼ੀ ਵਪਾਰ ਡਾਇਰੈਕਟੋਰੇਟ ਜਨਰਲ ਦਾ ਆਲਮੀ ਟੈਰਿਫ ਅਤੇ ਵਪਾਰ ਸਹਾਇਤਾ ਡੈਸਕ ਆਲਮੀ ਵਪਾਰ ਵਿੱਚ ਵਿਕਾਸ, ਖਾਸ ਕਰਕੇ ਡਿਊਟੀ ਤਬਦੀਲੀਆਂ, ਦਰਾਮਦ ਵਾਧੇ ਅਤੇ ਬਰਾਮਦ ਨਾਲ ਸਬੰਧਤ ਚੁਣੌਤੀਆਂ ਦੀ ਸਰਗਰਮੀ ਨਾਲ ਨਿਗਰਾਨੀ ਕਰ ਰਹੇ ਨੇ।

---------------------------------------------------

ਪੰਜਾਬ ਵਿੱਚ, ਆਉਣ ਵਾਲੇ ਵਿਸਾਖੀ ਦੇ ਤਿਉਹਾਰ ਦੇ ਮੱਦੇਨਜ਼ਰ, ਜਨਤਾ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਲਈ, ਸੂਬੇ ਭਰ ਵਿੱਚ ਵੱਡੇ ਪੱਧਰ 'ਤੇ 'ਰਾਤ ਸਮੇਂ ਗਸ਼ਤ ਦੀਆਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਨੇ। ਪੰਜਾਬ ਦੇ ਪੁਲਿਸ ਮੁਖੀ ਗੌਰਵ ਯਾਦਵ ਨੇ ਬੀਤੀ ਦੇਰ ਰਾਤ ਜਲੰਧਰ ਅਤੇ ਅੰਮ੍ਰਿਤਸਰ ਸਮੇਤ ਹੋਰ ਕਈ ਥਾਵਾਂ 'ਤੇ ਕਈ ਸੀਨੀਅਰ ਅਧਿਕਾਰੀਆਂ ਦੇ ਨਾਲ ਰਾਤ ਸਮੇਂ ਦੀ ਇਸ ਮੁਹਿੰਮ ਦੀ ਅਗਵਾਈ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ, ਪੁਲਿਸ ਮੁਖੀ ਨੇ ਕਿਹਾ ਕਿ, ਇੱਕ ਸਰਹੱਦੀ ਸੂਬਾ ਹੋਣ ਦੇ ਨਾਤੇ, ਪੰਜਾਬ ਲਈ ਪਾਕਿਸਤਾਨ ਦੀ ISI ਵਰਗੀਆਂ ਬਾਹਰੀ ਏਜੰਸੀਆਂ ਕਾਰਨ ਇਸ ਦੀ ਸ਼ਾਂਤੀ ਅਤੇ ਸਦਭਾਵਨਾ ਨੂੰ ਭੰਗ ਕਰਨ ਦੀਆਂ ਕੋਸ਼ਿਸ਼ਾਂ ਲਈ ਜ਼ੋਖਮ ਬਣਿਆ ਹੋਇਆ ਏ। ਉਨ੍ਹਾਂ ਭਰੋਸਾ ਦਿੱਤਾ ਕਿ ਪੁਲਿਸ, ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਾਰੇ ਜ਼ਰੂਰੀ

ਉਪਾਅ ਕਰ ਰਹੀ ਏ । ਸੂਬੇ  ਵਿੱਚ ਗ੍ਰਨੇਡ ਹਮਲਿਆਂ ਦੀਆਂ ਕਈ ਘਟਨਾਵਾਂ ਅਤੇ ਜਲੰਧਰ ਵਿੱਚ ਇੱਕ BJP ਨੇਤਾ ਦੇ ਘਰ 'ਤੇ ਹਾਲ ਹੀ ਵਿੱਚ ਹੋਏ ਹਮਲੇ ਬਾਰੇ, ਸ਼੍ਰੀ ਯਾਦਵ ਨੇ ਕਿਹਾ ਕਿ ਅਜਿਹੀਆਂ ਰਾਸ਼ਟਰ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਲੋਕਾਂ ਨੂੰ ਫੜਨ ਲਈ ਵੱਡੀ ਕਾਰਵਾਈ ਜਾਰੀ ਏ । ਇਸੇ ਦੌਰਾਨ ਡੀ.ਜੀ.ਪੀ. ਬੀਤੀ ਦੇਰ ਰਾਤ ਅੰਮ੍ਰਿਤਸਰ ਪਹੁੰਚੇ ਅਤੇ ਨਾਕਿਆਂ ਦੀ ਅਚਨਚੇਤ ਚੈਕਿੰਗ ਕੀਤੀ। ਅਮ੍ਰਿਤਸਰ ਤੋਂ ਬਾਅਦ ਉਨ੍ਹਾਂ ਅਟਾਰੀ ਦੇ ਘਰਿੰਡਾ ਸਮੇਤ ਵੱਖ-ਵੱਖ ਸਰਹੱਦੀ ਪਿੰਡਾਂ ਦਾ ਦੌਰਾ ਕੀਤਾ ਅਤੇ ਉਨ੍ਹਾਂ ਸੀਮਾ ਸੁਰੱਖਿਆ ਬਲ ਦੇ ਅਧਿਕਾਰੀਆਂ ਨਾਲ ਵੀ ਮੁਲਾਕਾਤ ਕੀਤੀ।

---

ਮੌਜੂਦਾ ਸੀਜ਼ਨ ਦੌਰਾਨ ਪੰਜਾਬ ਸਰਕਾਰ ਨੇ 130 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਦੇ ਪ੍ਰਬੰਧ ਕੀਤੇ ਨੇ। ਕੱਲ੍ਹ ਅਨਾਜ ਭਵਨ ਵਿਖੇ ਕਣਕ ਦੀ ਖਰੀਦ ਦੀ ਸਮੀਖਿਆ ਕਰਦੇ ਹੋਏ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਖਰੀਦ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਖਰੀਦ ਏਜੰਸੀਆਂ ਨੂੰ 1 ਹਜ਼ਾਰ 864 ਨਿਯਮਿਤ ਖਰੀਦ ਕੇਂਦਰ ਅਲਾਟ ਕੀਤੇ ਗਏ ਨੇ। ਇਸ ਤੋਂ ਇਲਾਵਾ ਮੰਡੀਆਂ ਵਿੱਚ ਭਰਮਾਰ ਵਰਗੀ ਸਥਿਤੀ ਨਾਲ ਨਜਿੱਠਣ

ਲਈ, ਨਿਰਵਿਘਨ ਖਰੀਦ ਕਾਰਜਾਂ ਨੂੰ ਯਕੀਨੀ ਬਣਾਉਣ ਲਈ 520 ਵਾਧੂ ਖਰੀਦ ਕੇਂਦਰਾਂ ਨੂੰ ਨੋਟੀਫਾਈ ਕੀਤਾ ਗਿਆ। ਸਾਰੀਆਂ ਖਰੀਦ ਏਜੰਸੀਆਂ ਨੇ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਲਈ ਸਟੋਰੇਜ ਸਪੇਸ, ਬਾਰਦਾਨੇ, ਸਟਾਕ ਆਰਟੀਕਲਜ਼ ਅਤੇ ਨਕਦ ਕ੍ਰੈਡਿਟ ਸੀਮਾ (ਸੀ.ਸੀ.ਐਲ.) ਲਈ ਵਿਆਪਕ ਪ੍ਰਬੰਧ ਕੀਤੇ ਨੇ।

---------------------------------------------------------------

ਅੱਜ ਦੇਸ਼ ਭਰ ਵਿੱਚ ਹਨੂੰਮਾਨ ਜਯੰਤੀ ਧਾਰਮਿਕ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਏ। ਪੰਜਾਬ ਸਮੇਤ ਦੇਸ਼ ਭਰ ਦੇ ਵੱਖ-ਵੱਖ ਹਨੂੰਮਾਨ ਮੰਦਰਾਂ ਵਿੱਚ ਸਵੇਰ ਤੋਂ ਹੀ ਸ਼ਰਧਾਲੂ ਵੱਡੀ ਗਿਣਤੀ ਵਿਚ ਨਤਮਸਤਕ ਹੋ ਰਹੇ ਨੇ। ਮੰਦਰਾਂ ਵਿੱਚ ਹਨੂੰਮਾਨ ਚਾਲੀਸਾ, ਸੁੰਦਰ ਕਾਂਡ ਅਤੇ ਅਖੰਡ ਰਾਮਾਇਣ ਦੇ ਪਾਠ ਕੀਤੇ ਜਾ ਰਹੇ ਨੇ। ਕਈ ਥਾਵਾਂ 'ਤੇ ਭੰਡਾਰਿਆਂ ਦਾ ਵੀ ਆਯੋਜਨ ਕੀਤਾ ਗਿਆ ਏ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਹਨੂੰਮਾਨ ਜਯੰਤੀ 'ਤੇ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ ਏ। ਸੋਸ਼ਲ ਮੀਡੀਆ 'ਤੇ ਇੱਕ ਪੋਸਟ ਵਿੱਚ, ਪ੍ਰਧਾਨ ਮੰਤਰੀ ਨੇ ਕਿਹਾ ਕਿ ਸੰਕਟਮੋਚਨ ਭਗਵਾਨ ਹਨੂੰਮਾਨ ਦੇ ਆਸ਼ੀਰਵਾਦ ਨਾਲ, ਹਰ ਕੋਈ ਜੀਵਨ ਵਿੱਚ ਸਿਹਤਮੰਦ, ਖੁਸ਼ ਅਤੇ ਖੁਸ਼ਹਾਲ ਰਹੇ।

--------------------------------------------------------

ਫਿਰੋਜ਼ਪੁਰ ਦਾ ਪਿੰਡ ਕੋਟ ਕਰੋੜ ਕਲਾਂ ਨਸ਼ਾ ਮੁਕਤ ਪਿੰਡ ਵਜੋਂ ਮਿਸਾਲ ਬਣ ਚੁੱਕਿਆ ਏ। ਸਾਲ 2016 ਵਿਚ ਇਸ ਪਿੰਡ ਨੂੰ ਸੁੰਦਰਤਾ ਤੇ ਵਿਕਾਸ ਪੱਖੋਂ ਸਟੇਟ ਅਵਾਰਡ ਵੀ ਪ੍ਰਾਪਤ ਹੋ ਚੁੱਕਾ ਹੈ। ਪਿੰਡ ਦੇ ਸਰਪੰਚ ਬਲਵਿੰਦਰ ਸਿੰਘ ਦੱਸਦੇ ਨੇ ਪਿੰਡ ਵਿਚ ਨਾ ਤਾਂ ਨਸ਼ਾ ਵਿਕਦਾ ਏ ਤੇ ਨਾ ਕੋਈ ਨਸ਼ਾ ਕਰਦਾ ਏ। ਉਨ੍ਹਾਂ ਦੱਸਿਆ ਕਿ ਆਜ਼ਾਦੀ ਘੁਲਾਟੀਏ ਦਲੀਪ ਸਿੰਘ ਇਸੇ ਪਿੰਡ ਤੋਂ ਸਨ ਤੇ ਅੱਜ ਵੀ ਉਨਾਂ ਦਾ ਪਰਿਵਾਰ ਪਿੰਡ ਵਿਚ ਹੀ ਰਹਿੰਦਾ ਏ । ਸਫਾਈ ਪੱਖੋਂ ਪਿੰਡ ਕਿਸੇ ਸ਼ਹਿਰ ਨਾਲ ਘੱਟ ਨਹੀਂ ਏ ।

--------------------------------------------------------

ਖੇਲੋ ਇੰਡੀਆ ਯੁਵਾ ਖੇਡਾਂ ਲਈ ਪੰਜਾਬ ਦੀਆਂ ਵੱਖ-ਵੱਖ ਟੀਮਾਂ ਦੇ ਟ੍ਰਾਇਲ 13 ਅਪ੍ਰੈਲ ਨੂੰ ਵੱਖ-ਵੱਖ ਥਾਂਵਾਂ ਉੱਤੇ ਲਏ ਜਾਣਗੇ। ਇਨ੍ਹਾਂ ਟ੍ਰਾਇਲਾਂ ਵਿੱਚ ਹਿੱਸਾ ਲੈਣ ਦੇ ਚਾਹਵਾਨ ਖਿਡਾਰੀਆਂ ਦੀ ਜਨਮ ਤਰੀਕ ਇਕ ਜਨਵਰੀ 2007 ਜਾਂ ਇਸ ਤੋਂ ਬਾਅਦ ਦੀ ਹੋਣੀ ਚਾਹੀਦੀ ਏ।ਖੇਡ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਖੇਲੋ ਇੰਡੀਆ ਯੂਥ ਗੇਮਜ਼ ਬਿਹਾਰ ਵਿਖੇ 4 ਮਈ ਤੋਂ 15 ਮਈ ਤੱਕ ਕਰਵਾਈਆਂ ਜਾ ਰਹੀਆਂ ਨੇ। ਇਨ੍ਹਾਂ ਖੇਡਾਂ ਸੰਬੰਧੀ ਪੰਜਾਬ ਦੀ ਬਾਸਕਟਬਾਲ ਕੁੜੀਆਂ ਟੀਮ ਦੀ ਚੋਣ ਲਈ ਟ੍ਰਾਇਲ ਗੁਰੂ ਨਾਨਕ ਸਟੇਡੀਅਮ ਲੁਧਿਆਣਾ, ਹਾਕੀ ਮੁੰਡੇ ਤੇ

ਕੁੜੀਆਂ ਲਈ ਟ੍ਰਾਇਲ ਓਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਜਲੰਧਰ, ਖੋ - ਖੋ ਮੁੰਡੇ ਤੇ ਕੁੜੀਆਂ ਲਈ ਟ੍ਰਾਇਲ ਪੋਲੋ ਗਰਾਊਂਡ ਪਟਿਆਲਾ, ਵਾਲੀਬਾਲ ਮੁੰਡਿਆਂ ਦੇ ਪੰਜਾਬ ਇੰਸਟੀਚਿਊਟ ਆਫ਼ ਸਪੋਰਟਸ, ਸੈਕਟਰ 63 ਮੁਹਾਲੀ ਅਤੇ ਕਬੱਡੀ ਕੁੜੀਆਂ ਟੀਮ ਦੀ ਚੋਣ ਲਈ ਟ੍ਰਾਇਲ ਪੋਲੋ ਗਰਾਊਂਡ ਪਟਿਆਲਾ ਵਿਖੇ ਲਏ ਜਾਣਗੇ। ਇਹ ਟ੍ਰਾਇਲ 13 ਅਪ੍ਰੈਲ ਨੂੰ ਸਵੇਰੇ 11 ਵਜੇ ਲਏ ਜਾਣਗੇ।